# ਸੰਘੀ ਚੋਣਾਂ ਲਈ ਗਾਈਡ




It's Our Vote

ਵੋਟ ਪਾਉਣ ਲਈ ਤੁਹਾਡੀ ਲੋੜ ਦੀ ਅਧਿਕਾਰਤ ਜਾਣਕਾਰੀ ਲਈ **elections.ca** 'ਤੇ ਜਾਓ

**1-800-463-6868 / elections.ca / TTY 1-800-361-8935**

Elections Canada

# ਵੋਟਰ ਦੀ ਜਾਂਚ-ਸੂਚੀ



**ਯਕੀਨੀ ਬਣਾਓ ਕਿ ਤੁਸੀਂ** ਆਪਣੇ ਮੌਜੂਦਾ ਪਤੇ 'ਤੇ **ਰਜਿਸਟਰ ਹੋਏ ਹੋ**



ਡਾਕ ਵਿੱਚ ਆਪਣੇ **ਵੋਟਰ ਜਾਣਕਾਰੀ ਕਾਰਡ** ਦੀ ਉਡੀਕ ਕਰੋ



**ਵੋਟ ਪਾਉਣ ਦੀ ਯੋਜਨਾ ਬਣਾਓ**



**ਚੋਣਾਂ ਦੇ ਦਿਨ ਨੂੰ** ਤੁਹਾਡੇ ਨਿਯਤ ਕੀਤੇ ਪੋਲਿੰਗ ਸਟੇਸ਼ਨ ਵਿਖੇ



**ਅਗਾਊਂ ਚੋਣਾਂ ਦੇ ਦਿਨਾਂ ਨੂੰ** ਤੁਹਾਡੇ ਨਿਯਤ ਕੀਤੇ ਪੋਲਿੰਗ ਸਟੇਸ਼ਨ ਵਿਖੇ



ਕੈਨੇਡਾ ਭਰ ਵਿੱਚ ਕਿਸੇ **ਇਲੈਕਸ਼ਨਜ਼ ਕੈਨੇਡਾ ਆਫਿਸ** ਵਿਖੇ (ਸਮਾਂ-ਸੀਮਾਵਾਂ ਲਾਗੂ ਹੁੰਦੀਆਂ ਹਨ)



**ਡਾਕ ਰਾਹੀਂ:** ਹੋਰ ਜਾਣਕਾਰੀ ਲਈ **elections.ca** 'ਤੇ ਜਾਓ (ਸਮਾਂ-ਸੀਮਾਵਾਂ ਲਾਗੂ ਹੁੰਦੀਆਂ ਹਨ)



ਇਹ ਪਤਾ ਲਗਾਓ ਕਿ ਤੁਹਾਡੇ ਇਲਾਕੇ ਵਿੱਚ **ਉਮੀਦਵਾਰ ਕੌਣ ਹਨ**



ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ **ID ਲਿਆਓ**

---

ਇਹ ਬ੍ਰੋਸ਼ਰ **elections.ca** 'ਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

ਹੋਰ ਫਾਰਮੈਟਾਂ ਲਈ, ਜਿਵੇਂ ਕਿ ਬ੍ਰੇਲ, ਵੱਡੀ ਛਪਾਈ ਅਤੇ DAISY, ਸਾਨੂੰ ਕਾਲ ਕਰੋ।

# ਇਸ ਸਾਲ ਸੰਘੀ ਚੋਣਾਂ ਹਨ

## ਯਕੀਨੀ ਬਣਾਓ ਕਿ ਤੁਸੀਂ ਵੋਟਰ ਜਾਣਕਾਰੀ ਕਾਰਡ ਹਾਸਲ ਕਰਨ ਲਈ ਰਜਿਸਟਰ ਹੋਏ ਹੋ




ਜੇ ਤੁਸੀਂ ਰਜਿਸਟਰ ਹੋਏ ਹੋ, ਤਾਂ ਤੁਸੀਂ ਚੋਣਾਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਕਰੋਗੇ। ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਵੋਟਿੰਗ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਸਵੀਕਾਰ ਕੀਤੀ ਜਾਂਦੀ ਪਛਾਣ ਦੇ ਨਾਲ ਇਹ ਕਾਰਡ ਲਿਆਓ।

ਜੇ ਤੁਹਾਨੂੰ ਕੋਈ ਕਾਰਡ ਨਹੀਂ ਮਿਲਦਾ ਹੈ, ਜਾਂ ਜੇ ਇਸ ਉੱਤੇ ਦਿੱਤੀ ਜਾਣਕਾਰੀ ਗਲਤ ਹੈ, ਤਾਂ ਹੋ ਸਕਦਾ ਹੈ ਤੁਸੀਂ ਰਜਿਸਟਰ ਨਾ ਹੋਏ ਹੋਵੋ ਜਾਂ ਤੁਹਾਡੀ ਵੋਟਰ ਜਾਣਕਾਰੀ ਨਵੀਨਤਮ ਨਾ ਹੋਵੇ। ਆਪਣੇ ਰਜਿਸਟ੍ਰੇਸ਼ਨ ਦੀ ਜਾਂਚ ਕਰਨ ਅਤੇ ਇਸ ਨੂੰ ਅੱਪਡੇਟ ਕਰਨ ਲਈ **elections.ca** 'ਤੇ ਜਾਓ ਜਾਂ ਸਾਨੂੰ ਕਾਲ ਕਰੋ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤੁਸੀਂ ਤਾਂ ਵੀ ਰਜਿਸਟਰ ਕਰ ਸਕਦੇ ਹੋ।

---

## ਸੰਘੀ ਚੋਣਾਂ ਵਿੱਚ ਰਜਿਸਟਰ ਕਰਨ ਅਤੇ ਵੋਟ ਪਾਉਣ ਲਈ ਤੁਹਾਡੇ ਲਈ ਇਹ ਲਾਜ਼ਮੀ ਹੈ:

- ਕੈਨੇਡਾ ਦੇ ਨਿਵਾਸੀ ਹੋਵੋ
- ਚੋਣਾਂ ਦੇ ਦਿਨ ਨੂੰ ਘੱਟੋ-ਘੱਟ 18 ਸਾਲ ਦੇ ਹੋਵੋ
- ਆਪਣੀ ਪਛਾਣ ਅਤੇ ਪਤੇ ਨੂੰ ਸਾਬਿਤ ਕਰੋ

# ਵੋਟ ਪਾਉਣ ਦੇ ਤਰੀਕੇ

## ਤੁਸੀਂ ਚੋਣ ਮਿਆਦ ਦੇ ਦੌਰਾਨ ਤਕਰੀਬਨ ਕਿਸੇ ਵੀ ਸਮੇਂ 'ਤੇ ਵੋਟ ਪਾ ਸਕਦੇ ਹੋ।

ਅਜਿਹਾ ਵੋਟਿੰਗ ਵਿਕਲਪ ਚੁਣੋ ਜੋ ਤੁਹਾਡੇ ਲਈ ਸਭ ਤੋਂ ਵਧੀਆ ਕੰਮ ਕਰਦਾ ਹੈ।

### 1 ਚੋਣਾਂ ਦੇ ਦਿਨ ਨੂੰ

ਤੁਹਾਡਾ ਨਿਯਤ ਕੀਤਾ ਪੋਲਿੰਗ ਸਟੇਸ਼ਨ 12 ਘੰਟਿਆਂ ਲਈ ਖੁੱਲ੍ਹਾ ਰਹੇਗਾ (ਸੂਬੇ ਮੁਤਾਬਕ ਸਮੇਂ ਬਦਲ ਸਕਦੇ ਹਨ)।

### 2 ਅਗਾਊਂ ਚੋਣਾਂ ਦੇ ਦਿਨਾਂ ਨੂੰ

ਤੁਹਾਡਾ ਨਿਯਤ ਕੀਤਾ ਪੋਲਿੰਗ ਸਟੇਸ਼ਨ ਚੋਣਾਂ ਦੇ ਦਿਨ ਤੋਂ ਪਹਿਲਾਂ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਸਵੇਰੇ 9 ਵਜੇ ਤੋਂ ਰਾਤ 9 ਵਜੇ ਤਕ ਖੁੱਲ੍ਹਾ ਰਹੇਗਾ।

### 3 ਕੈਨੇਡਾ ਭਰ ਵਿੱਚ ਕਿਸੇ ਇਲੈਕਸ਼ਨਜ਼ ਕੈਨੇਡਾ ਆਫਿਸ ਵਿਖੇ

ਚੋਣਾਂ ਦੇ ਦਿਨ ਨੂੰ ਸ਼ਾਮ 6 ਵਜੇ ਤੋਂ ਪਹਿਲਾਂ ਮੰਗਲਵਾਰ ਤੋਂ ਪਹਿਲਾਂ ਕਿਸੇ ਇਲੈਕਸ਼ਨਜ਼ ਕੈਨੇਡਾ ਦਫਤਰ ਵਿਖੇ ਜਾਓ। ਤੁਸੀਂ ਖਾਸ ਬੈਲਟ ਪ੍ਰਕਿਰਿਆ ਦੀ ਵਰਤੋਂ ਕਰਕੇ ਵੋਟ ਪਾਓਗੇ। ਚੋਣਾਂ ਐਲਾਨ ਕੀਤੇ ਜਾਣ ਤੋਂ ਬਾਅਦ, **elections.ca** 'ਤੇ ਜਾਓ ਜਾਂ ਆਪਣੇ ਨਜ਼ਦੀਕ ਕਿਸੇ ਦਫ਼ਤਰ ਦਾ ਪਤਾ ਲਗਾਉਣ ਲਈ ਸਾਨੂੰ ਕਾਲ ਕਰੋ।

### 4 ਡਾਕ ਰਾਹੀਂ

ਹੋਰ ਪਤਾ ਲਗਾਉਣ ਲਈ **elections.ca** 'ਤੇ ਜਾਓ ਜਾਂ ਸਾਨੂੰ ਕਾਲ ਕਰੋ। ਸਮਾਂ-ਸੀਮਾਵਾਂ ਲਾਗੂ ਹੁੰਦੀਆਂ ਹਨ।

ਆਪਣੇ ਵੋਟਿੰਗ ਦਿਨਾਂ, ਸਥਾਨਾਂ ਅਤੇ ਸਮਿਆਂ ਲਈ ਆਪਣੇ ਵੋਟਰ ਜਾਣਕਾਰੀ ਕਾਰਡ ਦੀ ਜਾਂਚ ਕਰੋ।

# ਵੋਟ ਪਾਉਣ ਲਈ ਆਈ.ਡੀ.

ਤੁਹਾਡੇ ਕੋਲ ਆਪਣੀ ਪਛਾਣ ਅਤੇ ਪਤੇ ਨੂੰ ਸਾਬਿਤ ਕਰਨ ਲਈ ਤਿੰਨ ਵਿਕਲਪ ਹੁੰਦੇ ਹਨ।

ਵਿਕਲਪ **1**



## ਪਛਾਣ ਦੇ ਇਹਨਾਂ ਦਸਤਾਵੇਜ਼ਾਂ ਵਿੱਚੋਂ ਇੱਕ ਦਿਖਾਓ

- ਤੁਹਾਡਾ ਡਰਾਈਵਰ ਦਾ ਲਾਇਸੈਂਸ
- ਤੁਹਾਡੀ ਫ਼ੋਟੋ, ਨਾਮ ਅਤੇ ਮੌਜੂਦਾ ਪਤੇ ਦੇ ਨਾਲ ਕੈਨੇਡਾ ਦੀ ਸਰਕਾਰ ਦੁਆਰਾ ਜਾਰੀ ਕੀਤਾ ਕੋਈ ਹੋਰ ਕਾਰਡ (ਸੰਘੀ, ਸੂਬਾਈ/ਖੇਤਰੀ ਜਾਂ ਸਥਾਨਕ)

ਜਾਂ

ਵਿਕਲਪ **2**



\+



## ਆਪਣੀ ਪਛਾਣ ਦੇ ਦੋ ਸਬੂਤ ਦਿਖਾਓ

ਦੋਵਾਂ 'ਤੇ ਤੁਹਾਡਾ ਨਾਮ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਘੱਟੋ-ਘੱਟ ਇੱਕ 'ਤੇ ਤੁਹਾਡਾ ਵਰਤਮਾਨ ਪਤਾ ਹੋਣਾ ਚਾਹੀਦਾ ਹੈ।

ਉਦਾਹਰਨਾਂ:

- ਵੋਟਰ ਜਾਣਕਾਰੀ ਕਾਰਡ ਅਤੇ ਬੈਂਕ ਸਟੇਟਮੈਂਟ
- ਸਹੂਲਤ ਦਾ ਬਿੱਲ ਅਤੇ ਵਿਦਿਆਰਥੀ ਪਛਾਣ ਕਾਰਡ

ਕੀ ਤੁਹਾਡੇ ਕੋਲ ਇਹ ਨਹੀ ਹਨ? ਕੋਈ ਗੱਲ ਨਹੀਂ!

ਸਵੀਕਾਰਯੋਗ ਪਛਾਣ ਦੇ ਦੋ ਹੋਰ ਦਸਤਾਵੇਜ਼ ਹਨ।

**elections.ca** 'ਤੇ ਪੂਰੀ ਸੂਚੀ ਦੇਖੋ

ਜਾਂ

ਵਿਕਲਪ **3**



\+



## ਜੇ ਤੁਹਾਡੇ ਕੋਲ ਪਛਾਣ ਦਾ ਸਬੂਤ ਨਹੀਂ ਹੈ

ਤੁਸੀਂ ਹਾਲੇ ਵੀ ਵੋਟ ਪਾ ਸਕਦੇ ਹੋ ਜੇਕਰ ਤੁਸੀਂ ਆਪਣੀ ਪਛਾਣ ਅਤੇ ਪਤੇ ਦਾ ਲਿਖਤੀ ਰੂਪ ਵਿੱਚ ਐਲਾਨ ਕਰਦੇ ਹੋ ਅਤੇ ਕੋਈ ਅਜਿਹਾ ਵਿਅਕਤੀ ਹੈ ਜੋ ਤੁਹਾਨੂੰ ਜਾਣਦਾ ਹੈ ਅਤੇ ਜਿਸ ਲਈ ਤੁਹਾਡਾ ਪੋਲਿੰਗ ਸਟੇਸ਼ਨ ਨਿਯਤ ਕੀਤਾ ਗਿਆ ਹੈ ਤੁਹਾਡੇ ਲਈ ਗਵਾਹੀ ਦਿੰਦਾ ਹੈ।

ਗਵਾਹੂ ਦੇਣ ਵਾਕਲਾ ਵਿਅਕਤੀ ਆਪਣੀ ਪਛਾਣ ਅਤੇ ਪਤਾ ਸਾਬਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਕੋਈ ਵਿਅਕਤੀ ਸਿਰਫ ਇੱਕ ਵਿਅਕਤੀ ਲਈ ਗਵਾਹੀ ਦੇ ਸਕਦਾ ਹੈ (ਲੰਮੇ-ਸਮੇਂ ਦੀ ਦੇਖਭਾਲ ਸੰਸਥਾਵਾਂ ਵਿੱਚ ਦੇ ਸਿਵਾਏ)।

# ਪਹੁੰਚਣਯੋਗਤਾ

ਸਾਰੇ ਇਲੈਕਟਰਾਂ ਲਈ ਚੋਣਾਂ ਦੇ ਦਿਨ ਅਤੇ ਅਗਾਊਂ ਚੋਣਾਂ ਦੇ ਦਿਨਾਂ ਲਈ ਪੋਲਿੰਗ ਸਟੇਸ਼ਨ ਨਿਯਤ ਕੀਤੇ ਜਾਂਦੇ ਹਨ। ਚੋਣਾਂ ਐਲਾਨ ਕੀਤੇ ਜਾਣ ਤੋਂ ਬਾਅਦ, ਹੇਠਾਂ ਦੁਆਰਾ ਇਹ ਯਕੀਨੀ ਬਣਾਓ ਕਿ ਤੁਹਾਡੇ ਨਿਯਤ ਕੀਤੇ ਪੋਲਿੰਗ ਸਟੇਸ਼ਨ ਤੁਹਾਡੀਆਂ ਪਹੁੰਚਣ-ਯੋਗਤਾ ਜ਼ਰੂਰਤਾਂ ਪੂਰੀਆਂ ਕਰਦੇ ਹਨ:

- ਆਪਣੇ ਵੋਟਰ ਜਾਣਕਾਰੀ ਕਾਰਡ ਦੀ ਜਾਂਚ ਕਰਕੇ;
- **elections.ca** ‘ਤੇ ਵੋਟਰ ਜਾਣਕਾਰੀ ਸਰਵਿਸ ਬਾਕਸ ਵਿੱਚ ਆਪਣੇ ਡਾਕ ਕੋਡ ਨੂੰ ਦਾਖ਼ਲ ਕਰਕੇ; ਜਾਂ
- **1-800-463-6868** ਜਾਂ **1-800-361-8935 (TTY)** ‘ਤੇ ਸਾਨੂੰ ਕਾਲ ਕਰਕੇ।

ਜੇ ਤੁਹਾਡੇ ਨਿਯਤ ਕੀਤੇ ਗਏ ਪੋਲਿੰਗ ਸਟੇਸ਼ਨਾਂ ਦੀ ਪਹੁੰਚਣਯੋਗਤਾ ਬਾਰੇ ਤੁਹਾਡੀਆਂ ਚਿੰਤਾਵਾਂ ਹਨ ਤਾਂ ਸਾਨੂੰ ਕਾਲ ਕਰੋ।

ਭਾਸ਼ਾ ਅਤੇ ਸਾਈਨ ਲੈਂਗਵੇਜ ਦੇ ਅਨੁਵਾਦ ਸਮੇਤ, ਪਹਿਲਾਂ ਤੋਂ ਹੀ ਵੋਟਿੰਗ ਵਿੱਚ ਮਦਦ ਲਈ ਬੇਨਤੀ ਕਰਨ ਵਾਸਤੇ, ਇਲੈਕਸ਼ਨਜ਼ ਕੈਨੇਡਾ ਆਫਿਸ ਨੂੰ ਚੋਣਾਂ ਦੇ ਦਿਨ ਤੋਂ ਪਹਿਲਾਂ ਮੰਗਲਵਾਰ ਸ਼ਾਮ 6 ਵਜੇ ਤੋਂ ਪਹਿਲਾਂ ਕਾਲ ਕਰੋ।

---

## ਚੋਣਾਂ ਦੇ ਦਿਨ ਨੂੰ ਵੋਟਿੰਗ ਸਹਾਇਤਾ ਸਾਧਨ ਅਤੇ ਸੇਵਾਵਾਂ:

ਵੱਡੀ ਛਪਾਈ ਵਿੱਚ ਉਮੀਦਵਾਰ ਦੇ ਨਾਮ ਵਾਲਾ ਵੱਡਾ ਬੈਲਟ

ਮੈਗਨੀਫਾਇਰ (4x)

ਉਮੀਦਵਾਰਾਂ ਦੀ ਵੱਡੀ-ਛਪਾਈ ਵਿੱਚ ਅਤੇ ਬ੍ਰੇਲ ਵਿੱਚ ਸੂਚੀਆਂ

ਵੱਡੀ-ਗਰਿੱਪ ਵਾਲੀ ਪੈਂਸਿਲ

ਸਪਰਸ਼ੀ ਅਤੇ ਬ੍ਰੇਲ ਵੋਟਿੰਗ ਟੈਮਪਲੇਟ

ਤੁਹਾਡੇ ਬੈਲਟ ਲਈ ਨਿਸ਼ਾਨਯੁਕਤ ਸਹਾਇਤਾ

It's Our Vote